# ਸੈਕਸ਼ਨ 3 ਦੇ ਬੀਮਾਰਾਂ ਲਈ, ਨਿਗਰਾਨੀ ਤਹਿਤ ਕਮਿਉਨਿਟੀ (ਭਾਈਚਾਰੇ ਵਲੋਂ) ਇਲਾਜ

(ਮੈਂਟਲ ਹੈਲਥ ਐਕਟ (ਮਾਨਸਿਕ ਸਿਹਤ ਬਾਰੇ ਕਾਨੂੰਨ) 1983 ਦਾ ਸੈਕਸ਼ਨ 17A)

| | |
|---|---|
| 1. ਮਰੀਜ਼ ਦਾ ਨਾਂਅ | |
| 2. ਤੁਹਾਡੀ ਇਲਾਜ ਲਈ ਜ਼ਿੰਮੇਵਾਰ ਵਿਅਕਤੀ ਦਾ ਨਾਂਅ (ਤੁਹਾਡਾ "ਜ਼ਿੰਮੇਵਾਰ ਕਲਿੱਨੀਸ਼ੀਅਨ") | |
| 3. ਜਿਸ ਤਾਰੀਖ਼ ਤੋਂ ਤੁਹਾਡੀ ਨਿਗਰਾਨੀ ਤਹਿਤ ਕਮਿਉਨਿਟੀ ਇਲਾਜ ਸ਼ੁਰੂ ਹੋਏਗਾ | |

## ਮੇਰਾ ਨਿਗਰਾਨੀ ਤਹਿਤ ਕਮਿਉਨਿਟੀ ਇਲਾਜ ਕਿਉਂ ਹੋ ਰਿਹਾ ਹੈ ?

ਤੁਹਾਡਾ 1983 ਦੇ ਮੈਂਟਲ ਹੈਲਥ ਐਕਟ (ਮਾਨਸਿਕ ਸਿਹਤ ਬਾਰੇ ਕਾਨੂੰਨ) ਦੇ ਸੈਕਸ਼ਨ 17A ਤਹਿਤ, ਨਿਗਰਾਨੀ ਤਹਿਤ ਕਮਿਉਨਿਟੀ ਇਲਾਜ ਕੀਤਾ ਜਾ ਰਿਹਾ ਹੈ, ਕਿਉਂਕਿ ਤੁਹਾਡੀ ਦੇਖਭਾਲ ਲਈ ਜ਼ਿੰਮੇਵਾਰ ਵਿਅਕਤੀ (ਤੁਹਾਡਾ ਜ਼ਿੰਮੇਵਾਰ ਕਲਿੱਨੀਸ਼ੀਅਨ) ਦੀ ਸੋਚ ਹੈ, ਕਿ ਤੁਸੀਂ ਹਸਪਤਾਲ ਛੱਡਣ ਲਈ ਕਾਫ਼ੀ ਠੀਕ ਹੋ ਗਏ ਹੋ, ਪਰ ਉਸ ਨੂੰ ਇਹ ਚਿੰਤਾ ਹੈ ਕਿ ਤੁਸੀਂ ਆਪਣਾ ਇਲਾਜ ਜਾਰੀ ਨਹੀਂ ਰੱਖੋਗੇ ਜਾਂ ਹੋਰ ਵੱਧ ਇਲਾਜ ਲਈ ਤੁਹਾਨੂੰ ਮੁੜ ਕੇ ਬੜੇ ਥੋੜੇ ਨੋਟਿਸ ਤੇ ਹਸਪਤਾਲ ਦਾਖ਼ਿਲ ਕਰਵਾਉਣ ਦੀ ਜ਼ਰੂਰਤ ਨਾ ਪੈ ਜਾਏ।

ਨਿਗਰਾਨੀ ਤਹਿਤ ਕਮਿਉਨਿਟੀ ਇਲਾਜ ਦਾ ਮਤਲਬ ਹੈ, ਕਿ ਤੁਹਾਡੀ ਦੇਖਭਾਲ ਕਰਨ ਵਾਲੀ ਟੀਮ ਤੁਹਾਨੂੰ ਹਸਪਤਾਲ ਤੋਂ ਛੁੱਟੀ ਦਿੱਤੀ ਜਾਣ ਬਾਅਦ ਤੁਹਾਡੇ ਸਿਹਤਮੰਦ ਰਹਿਣ ਲਈ ਸਹਾਇਤਾ ਕਰਨ ਦੀ ਆਪਣੀ ਸਭ ਤੋਂ ਵੱਧ ਕੋਸ਼ਿਸ਼ ਕਰੇਗੀ, ਪਰ ਜੇ ਤੁਹਾਡਾ ਜ਼ਿੰਮੇਵਾਰ ਕਲਿੱਨੀਸ਼ੀਅਨ ਸੋਚਦਾ ਹੈ, ਕਿ ਤੁਹਾਨੂੰ ਮੁੜ ਹਸਪਤਾਲ ਆਉਣ ਦੀ ਜ਼ਰੂਰਤ ਹੈ, ਤਾਂ ਤੁਹਾਨੂੰ ਜਿਸ ਇਲਾਜ ਦੀ ਜ਼ਰੂਰਤ ਹੈ, ਉਸ ਲਈ ਤੁਹਾਨੂੰ ਮੁੜ ਹਸਪਤਾਲ ਆਉਣ ਲਈ ਕਿਹਾ ਜਾ ਸਕਦਾ ਹੈ।

ਤੁਹਾਡਾ ਜ਼ਿੰਮੇਵਾਰ ਕਲਿੱਨੀਸ਼ੀਅਨ, ਤੁਹਾਡੇ ਉਸ ਇਲਾਜ ਦੇ ਇੰਤਜ਼ਾਮਾਂ ਅਤੇ ਦੇਖਭਾਲ ਬਾਰੇ ਗੱਲ ਕਰੇਗਾ ਜਿਸਦੀ ਤੁਹਾਨੂੰ ਹਸਪਤਾਲ ਤੋਂ ਛੁੱਟੀ ਮਿਲਣ ਬਾਅਦ ਜ਼ਰੂਰਤ ਹੈ।

## ਕਮਿਉਨਿਟੀ ਇਲਾਜ ਆਰਡਰ ਕੀ ਹੈ ?

ਕਮਿਉਨਿਟੀ ਇਲਾਜ ਆਰਡਰ ਇੱਕ ਫ਼ਾਰਮ ਹੈ, ਜਿਸਨੂੰ ਤੁਹਾਡੇ ਜ਼ਿੰਮੇਵਾਰ ਕਲਿੱਨੀਸ਼ੀਅਨ ਅਤੇ ਇੱਕ ਮਾਨਤਾ ਪ੍ਰਾਪਤ ਸਿਹਤ ਪੇਸ਼ਾਵਰ ਨੂੰ ਇਹ ਕਹਿਣ ਲਈ ਭਰਨਾ ਜ਼ਰੂਰੀ ਹੈ ਕਿ ਤੁਹਾਡਾ ਨਿਗਰਾਨੀ ਤਹਿਤ ਕਮਿਉਨਿਟੀ ਇਲਾਜ ਕੀਤਾ ਜਾਣਾ ਚਾਹੀਦਾ ਹੈ।

ਇੱਕ ਮਾਨਤਾ ਪ੍ਰਾਪਤ ਸਿਹਤ ਪੇਸ਼ਾਵਰ ਉਹ ਵਿਅਕਤੀ ਹੈ, ਜਿਸਨੇ ਇਹ ਫੈਸਲਾ ਕਰਨ ਲਈ ਕਿ ਲੋਕਾਂ ਨੂੰ ਮੈਂਟਨ ਹੈਲਥ ਐਕਟ ਤਹਿਤ ਹਸਪਤਾਲ ਵਿੱਚ ਰੱਖਣ ਦੀ ਜ਼ਰੂਰਤ ਹੈ ਕਿ ਨਹੀਂ, ਵਿਸ਼ੇਸ਼ ਸਿਖਲਾਈ ਪ੍ਰਾਪਤ ਕੀਤੀ ਹੁੰਦੀ ਹੈ।

## ਮੇਰੇ ਹਸਪਤਾਲ ਛੱਡਣ ਬਾਅਦ ਕੀ ਹੋਏਗਾ ?

ਤੁਹਾਡਾ ਜ਼ਿੰਮੇਵਾਰ ਕਲਿੱਨੀਸ਼ੀਅਨ ਤੁਹਾਡੇ ਨਾਲ ਇਸ ਬਾਰੇ ਗੱਲ ਕਰੇਗਾ, ਕਿ ਨਿਗਰਾਨੀ ਤਹਿਤ ਕਮਿਉਨਿਟੀ ਇਲਾਜ ਵਿੱਚ ਕੀ ਹੁੰਦਾ ਹੈ।

ਤੁਹਾਨੂੰ ਸ਼ਾਇਦ ਇਹ ਕਿਹਾ ਜਾਏਗਾ ਕਿ ਤੁਹਾਨੂੰ ਆਪਣੇ ਲਈ ਕੁਝ ਵਿਸ਼ੇਸ਼ ਇੰਤਜ਼ਾਮਾਂ ਦੀ ਪਾਲਣਾ ਕਰਨੀ ਪਏਗੀ ਜਾਂ ਕਮਿਉਨਿਟੀ ਵਿੱਚ ਸੁਰੱਖਿਅਤ ਅਤੇ ਠੀਕ ਰਹਿਣ ਵਿੱਚ ਸਹਾਇਤਾ ਕਰਨ ਲਈ ਹੋਰ ਇੰਤਜ਼ਾਮ ਕਰਨੇ ਪੈਣਗੇ। ਇਨ੍ਹਾਂ ਨੂੰ “ਕੰਡੀਸ਼ਨਸ” (ਸ਼ਰਤਾਂ) ਕਿਹਾ ਜਾਂਦਾ ਹੈ। ਅਤੇ ਮੈਂਟਲ ਹੈਲਥ ਐਕਟ (ਮਾਨਸਿਕ ਸਿਹਤ ਦੇ ਕਾਨੂੰਨ) ਸੈਕਸ਼ਨ 17B ਤਹਿਤ ਇਨ੍ਹਾਂ ਦੀ ਆਗਿਆ ਹੈ।

ਤੁਹਾਡਾ ਜ਼ਿੰਮੇਵਾਰ ਕਲਿੱਨੀਸ਼ੀਅਨ ਅਤੇ ਇੱਕ ਮਾਨਤਾ ਪ੍ਰਾਪਤ ਸਿਹਤ ਪੇਸ਼ਾਵਰ ਦਾ ਇਸ ਬਾਰੇ ਸਹਿਮਤ ਹੋਣਾ ਜ਼ਰੂਰੀ ਹੈ ਕਿ ਇਹ “ਕੰਡੀਸ਼ਨਸ” ਢੁਕਵੀਆਂ ਹਨ, ਅਤੇ ਤੁਸੀਂ ਉਨ੍ਹਾਂ ਦੀ ਪਾਲਣਾ ਕਰ ਸਕੋ, ਇਸ ਲਈ ਤੁਹਾਨੂੰ ਜਿਸ ਸਹਾਇਤਾ ਦੀ ਜ਼ਰੂਰਤ ਹੋਵੇਗੀ, ਉਸ ਦਾ ਉਹ ਇੰਤਜ਼ਾਮ ਕਰਨਗੇ। ਜੇ ਤੁਸੀਂ ਕਿਸੇ ਕਾਰਣ ਕਰਕੇ ਕਿਸੇ ਉਸ ਕੰਮ ਬਾਰੇ ਚਿੰਤਿਤ ਹੋ, ਜੋ ਤੁਹਾਨੂੰ ਜਿੰਨੀ ਦੇਰ ਤੁਹਾਡੀ ਨਿਗਰਾਨੀ ਤਹਿਤ ਕਮਿਉਨਿਟੀ ਇਲਾਜ ਹੋ ਰਿਹਾ ਹੈ, ਕਰਨ ਜਾਂ ਨਾ ਕਰਨ ਲਈ ਕਿਹਾ ਗਿਆ ਹੈ, ਤਾਂ ਤੁਹਾਨੂੰ ਆਪਣੇ ਜ਼ਿੰਮੇਵਾਰ ਕਲਿੱਨੀਸ਼ੀਅਨ ਨਾਲ ਗੱਲ ਕਰਨੀ ਚਾਹੀਦੀ ਹੈ।

## ਜੇ ਮੈਂ ਸ਼ਰਤਾਂ ਪੂਰੀਆਂ ਨਹੀਂ ਕਰਦਾ / ਕਰਦੀ ਤਾਂ ਕੀ ਹੋਏਗਾ ?

ਜੇ ਤੁਸੀਂ ਕਿਸੇ ਸ਼ਰਤ ਨੂੰ ਪੂਰਾ ਨਹੀਂ ਕਰ ਰਹੇ ਤਾਂ ਤੁਹਾਡੀ ਦੇਖਭਾਲ ਵਾਲੀ ਟੀਮ ਨੂੰ ਇਹ ਸੋਚਣ ਦੀ ਜ਼ਰੂਰਤ ਹੋਏਗੀ ਕਿ ਕੀ ਤੁਹਾਨੂੰ ਇਲਾਜ ਲਈ ਵਾਪਸ ਹਸਪਤਾਲ ਆਉਣ ਦੀ ਜ਼ਰੂਰਤ ਹੋਏਗੀ ਕਿ ਨਹੀਂ।

ਜੇ ਤੁਹਾਡਾ ਜ਼ਿੰਮੇਵਾਰ ਕਲਿੱਨੀਸ਼ੀਅਨ ਸੋਚਦਾ ਹੈ, ਕਿ ਤੁਹਾਨੂੰ ਜਿਸ ਇਲਾਜ ਦੀ ਜ਼ਰੂਰਤ ਹੈ, ਉਸਨੂੰ ਯਕੀਨੀ ਬਣਾਉਣ ਦਾ ਇੱਕੋ ਢੰਗ ਇਹੀ ਹੈ ਤਾਂ ਤੁਹਾਨੂੰ ਮੁੜ ਵਾਪਸ ਹਸਪਤਾਲ ਆਉਣ ਲਈ ਕਿਹਾ ਜਾ ਸਕਦਾ ਹੈ, ਕਈ ਵਾਰ ਬੇਸ਼ਕ ਤੁਸੀਂ ਸਭ ਸ਼ਰਤਾਂ ਪੂਰੀਆਂ ਕੀਤੀਆਂ ਹੋਣ ਤਾਂ ਵੀ ਇਹ ਜ਼ਰੂਰੀ ਹੋ ਸਕਦਾ ਹੈ। ਇਸ ਨੂੰ ਹਸਪਤਾਲ ਵਿੱਚ ‘ਰੀਕਾਲਡ’ (ਵਾਪਸ ਬੁਲਾਉਣਾ) ਕਰਨਾ ਕਿਹਾ ਜਾਂਦਾ ਹੈ।

ਜੇ ਤੁਹਾਡਾ ਕਲਿੱਨੀਸ਼ੀਅਨ ਇਹ ਸੋਚਦਾ ਹੈ, ਕਿ ਤੁਹਾਨੂੰ ਹਸਪਤਾਲ ਵਿੱਚ ਮੁੜ ਬੁਲਾਉਣ ਦੀ ਜ਼ਰੂਰਤ ਹੈ, ਤਾਂ ਉਹ ਤੁਹਾਨੂੰ ਲਿਖਤ ਰੂਪ ਵਿੱਚ ਇਹ ਦੱਸੇਗਾ ਕਿ ਤੁਹਾਨੂੰ ਜਾਂ ਤੇ ਹੁਣੇ ਜਾਂ ਕਿਸੇ ਖ਼ਾਸ ਸਮੇਂ ਤੇ ਹਸਪਤਾਲ ਆਉਣ ਦੀ ਜ਼ਰੂਰਤ ਹੈ। ਜੇ ਤੁਸੀਂ ਉਸ ਸਮੇਂ ਨਹੀਂ ਆਉਂਦੇ ਜਦੋਂ ਤੁਹਾਨੂੰ ਕਿਹਾ ਗਿਆ ਹੈ, ਤੁਹਾਨੂੰ ਤੁਹਾਡੀ ਮਰਜ਼ੀ ਬਿਨਾਂ ਹਸਪਤਾਲ ਵੀ ਲਿਆਇਆ ਜਾ ਸਕਦਾ ਹੈ।

ਜੇ ਤੁਹਾਨੂੰ ਹਸਪਤਾਲ ਵਾਪਸ ਬੁਲਾਇਆ ਜਾਂਦਾ ਹੈ, ਤਾਂ ਤੁਹਾਨੂੰ ਉੱਥੋਂ 72 ਘੰਟਿਆਂ ਲਈ ਰੱਖਿਆ ਜਾ ਸਕਦਾ ਹੈ। ਜੇ ਤੁਹਾਡਾ ਜ਼ਿੰਮੇਵਾਰ ਕਲਿੱਨੀਸ਼ਅਨ ਸੋਚਦਾ ਹੈ, ਕਿ ਤੁਹਾਨੂੰ ਉਸ ਤੋਂ ਵੱਧ ਸਮੇਂ ਲਈ ਹਸਪਾਤਲ ਵਿੱਚ ਰੱਖਣ ਦੀ ਜ਼ਰੂਰਤ ਹੈ, ਤਾਂ ਮਾਨਸਿਕ ਸਿਹਤ ਦੇ ਇੱਕ ਮਾਨਤਾ ਪ੍ਰਾਪਤ ਪੇਸ਼ਾਵਰ ਨੂੰ ਤੁਹਾਡੇ ਨਾਲ ਗੱਲਬਾਤ ਕਰਨ ਲਈ ਕਿਹਾ ਜਾਏਗਾ। ਉਸ ਸਮੇਂ ਤੁਹਾਨੂੰ ਇਸ ਬਾਰੇ ਸਭ ਖੋਲ੍ਹ ਕੇ ਸਮਝ ਦਿੱਤਾ ਜਾਏਗਾ।

## ਜਦੋਂ ਤਕ ਮੇਰਾ ਨਿਗਰਾਨੀ ਤਹਿਤ ਕਮਿਉਨਿਟੀ ਇਲਾਜ ਜਾਰੀ ਹੈ, ਮੇਰੇ ਲਈ ਕਿਹੜਾ ਇਲਾਜ ਜ਼ਰੂਰੀ ਹੈ ?

ਤੁਹਾਡਾ ਜ਼ਿੰਮੇਵਾਰ ਕਲੀਨੀਸ਼ੀਅਨ ਤੁਹਾਡੇ ਨਾਲ ਤੁਹਾਡੇ ਇਲਾਜ ਦੀਆਂ ਜ਼ਰੂਰਤਾਂ ਬਾਰੇ ਵਿਚਾਰ ਵਟਾਂਦਰਾ ਕਰੇਗਾ ਅਤੇ ਉਹ ਹੀ ਇਸ ਦਾ ਇੰਤਜ਼ਾਮ ਕਰੇਗਾ, ਕਿ ਤੁਹਾਡਾ ਕਮਿਉਨਿਟੀ ਵਿੱਚ ਕਦੋਂ ਅਤੇ ਕਿਸ ਤਰ੍ਹਾਂ ਇਲਾਜ ਹੋਏਗਾ।

## ਕੀ ਮੈਂ ਇਲਾਜ ਕਰਨ ਤੋਂ ਇਨਕਾਰ ਕਰ ਸਕਦਾ / ਸਕਦੀ ਹਾਂ ?

ਜੇ ਤੁਸੀਂ ਨਹੀਂ ਚਾਹੁੰਦੇ, ਤਾਂ ਤੁਹਾਨੂੰ ਇਲਾਜ ਤੋਂ ਇਨਕਾਰ ਕਰਨ ਦਾ ਅਧਿਕਾਰ ਹੈ, ਪਰ ਇਸਦਾ ਇਹ ਮਤਲਬ ਹੋ ਸਕਦਾ ਹੈ, ਕਿ ਜ਼ਿੰਮੇਵਾਰ ਕਲਿੱਨੀਸ਼ੀਅਨ ਨੂੰ ਤੁਹਾਨੂੰ ਹਸਪਾਤਲ ਵਾਪਸ ਬੁਲਾਉਣ ਬਾਰੇ ਸੋਚਣ ਦੀ ਜ਼ਰੂਰਤ ਪਏਗੀ।

ਜੇ ਤੁਸੀਂ ਉਹ ਇਲਾਜ ਨਹੀਂ ਚਾਹੁੰਦੇ, ਜਿਸਦਾ ਸੁਝਾਅ ਕੀਤਾ ਜਾ ਰਿਹਾ ਹੈ ਤਾਂ ਤੁਹਾਨੂੰ ਜਿੰਨੀ ਜਲਦੀ ਸੰਭਵ ਹੋਵੇ ਆਪਣੇ ਜ਼ਿੰਮੇਵਾਰ ਕਲਿੱਨੀਸ਼ੀਅਨ ਨਾਲ ਗੱਲਬਾਤ ਕਰਨੀ ਚਾਹੀਦੀ ਹੈ।

## ਜੇ ਮੈਂ ਇਹ ਫੈਸਲਾ ਕਰਨ ਲਈ ਕਿ ਮੈਂ ਇਸ ਇਲਾਜ ਲਈ ਸਹਿਮਤ ਹੋਣਾ ਹੈ ਕਿ ਨਹੀਂ, ਜ਼ਿਆਦਾ ਬੀਮਾਰ ਹੋਵਾਂ ਤਾਂ ਕੀ ਹੋਏਗਾ ?

ਜੇ ਤੁਹਾਡਾ ਇਲਾਜ ਕਰ ਰਹੇ ਲੋਕ ਇਹ ਸੋਚਦੇ ਹਨ, ਤੁਹਾਡੇ ਵਿੱਚ ਆਪਣੇ ਲਈ ਇਹ ਫੈਸਲਾ ਕਰਨ ਲਈ ਕਿ ਤੁਸੀਂ ਇਲਾਜ ਕਰਵਾਉਣਾ ਹੈ ਕਿ ਨਹੀਂ ਦੀ ਸਮਰੱਥਾ ਨਹੀਂ ਹੈ, ਉਹ ਤੁਹਾਡਾ ਉਹ ਇਲਾਜ ਕਰ ਸਕਦੇ ਹਨ, ਜਿਸ ਬਾਰੇ ਉਹ ਸੋਚਦੇ ਹਨ ਕਿ ਤੁਹਾਨੂੰ ਉਸ ਦੀ ਜ਼ਰੂਰਤ ਹੈ।

ਪਰ ਜੇ ਤੁਸੀਂ ਉਸ ਤੇ ਇਤਰਾਜ਼ ਕਰ ਰਹੇ ਹੋਵੋ, ਤੁਹਾਡਾ ਉਹ ਇਲਾਜ ਕਰਨ ਲਈ ਤੁਹਾਡੇ ਨਾਲ ਉਹ ਉਦੋਂ ਤਕ ਜ਼ਬਰਦਸਤੀ ਨਹੀਂ ਕਰ ਸਕਦੇ ਜਦ ਤਕ ਕੋਈ ਐਮਰਜੈਂਸੀ ਨਾ ਹੋਵੇ।

“ਸਮਰਥਾ ਦੀ ਘਾਟ” (ਲੈਕ ਆਫ਼ ਕੈਪੇਸਿਟੀ) ਦਾ ਮਤਲਬ ਹੈ, ਕਿ ਤੁਹਾਡੇ ਮਾਨਸਿਕ ਵਿਕਾਰ ਕਾਰਣ ਤੁਸੀਂ ਹੇਠ ਲਿਖੀਆਂ ਚਾਰ ਗੱਲਾਂ ਵਿੱਚ ਇੱਕ ਜਾਂ ਇੱਕ ਤੋਂ ਵੱਧ ਨਹੀਂ ਕਰ ਸਕਦੇ :

- ਇਲਾਜ ਬਾਰੇ ਤੁਹਾਨੂੰ ਦਿੱਤੀ ਗਈ ਜਾਣਕਾਰੀ ਨੂੰ ਸਮਝਣਾ
- ਜਾਣਕਾਰੀ ਨੂੰ ਫੈਸਲਾ ਕਰ ਸਕਣ ਤਕ ਯਾਦ ਰੱਖਣਾ
- ਫੈਸਲਾ ਕਰਨ ਲਈ ਜਾਣਕਾਰੀ ਦਾ ਅਨੁਮਾਨ ਲਾਉਣਾ
- ਕਿਸੇ ਵੀ ਸੰਭਾਵੀ ਸਾਧਨ ਰਾਹੀਂ ਜਿਵੇਂ ਕਿ ਗੱਲਬਾਤ ਕਰਕੇ, ਜਾਂ ਸੰਕੇਤਕ ਭਾਸ਼ਾਂ, ਜਾਂ ਅੱਖ ਝਪਕਣਾ ਜਾਂ ਹੱਥ ਨੂੰ ਘੁੱਟਣ ਵਰਗੀਆਂ ਹੋਰ ਸਰਲ ਹਰਕਤਾਂ ਨਾਲ ਆਪਣੇ ਫੈਸਲੇ ਨੂੰ ਦੱਸਣਾ

ਜੇ ਤੁਸੀਂ 2005 ਦੇ ਮੈਂਟਲ ਕੈਪੇਸਿਟੀ ਐਕਟ (ਮਾਨਸਿਕ ਸਮਰੱਥਾ ਬਾਰੇ ਕਾਨੂੰਨ) ਤਹਿਤ, ਕਾਨੂੰਨੀ ਤੌਰ ਤੇ ਅਗਾਂਹੂ ਹੀ ਇਨਕਾਰ ਕਰਨ ਲਈ ਜ਼ਰੂਰੀ ਮੰਨਿਆ ਜਾਣ ਵਾਲਾ ਫੈਸਲਾ ਕਰ ਲਿਆ ਹੈ ਜਾਂ ਕੋਈ ਹੋਰ ਜਿਸਨੂੰ ਕਾਨੂੰਨ ਤਹਿਤ ਤੁਹਾਡੇ ਲਈ ਫੈਸਲੇ ਕਰਨ ਦੀ ਆਗਿਆ ਹੈ, ਨੇ ਕਿਹਾ ਹੋਵੇ ਕਿ ਤੁਹਾਡਾ ਇਹ ਇਲਾਜ ਨਹੀਂ ਹੋਏਗਾ। ਇਹ ਕੋਈ ਉਹ ਵਿਅਕਤੀ ਹੋ ਸਕਦਾ ਹੈ, ਜਿਸਨੂੰ ਤੁਸੀਂ ਸਥਾਈ ਮੁਖ਼ਤਾਰਨਾਮਾ ਦੇ ਦਿੱਤਾ ਹੋਵੇ, ਕੋਰਟ ਆਫ਼ ਪ੍ਰੋਟੈਕਸ਼ਨ (ਸੁਰੱਖਿਆ ਬਾਰੇ ਅਦਾਲਤ) ਨੇ ਤੁਹਾਡੇ ਲਈ

ਡਿਪਟੀ ਨਿਯੁਕਤ ਕੀਤਾ ਹੋਵੇ, ਜਾਂ ਕੋਰਟ ਆਫ਼ ਪ੍ਰੋਟੈਕਸ਼ਨ ਖ਼ੁਦ ਹੋ ਸਕਦੀ ਹੈ। ਹਸਪਤਾਲ ਦਾ ਸਟਾਫ਼ ਤੁਹਾਨੂੰ 2005 ਦੇ ਮੈਂਟਲ ਕੈਪੇਸਿਟੀ ਐਕਟ ਬਾਰੇ ਹੋਰ ਵੱਧ ਜਾਣਕਾਰੀ ਦੇ ਸਕਦਾ ਹੈ।

## ਦਵਾਈਆਂ ਅਤੇ ਡਰੱਗ (ਨਸ਼ੀਲੀ ਦਵਾਈ) ਦੇ ਇਲਾਜ ਬਾਰੇ ਵਿਸ਼ੇਸ਼ ਨੇਮ

ਜੇ ਇੱਕ ਵਾਰ ਤੁਸੀਂ ਨਿਗਰਾਨੀ ਤਹਿਤ ਮਹੀਨੇ ਤੋਂ ਵੱਧ ਸਮੇਂ ਲਈ ਕਮਿਉਨਿਟੀ ਇਲਾਜ ਕਰਵਾ ਚੁੱਕੇ ਹੋ ਤਾਂ ਦਵਾਈ ਅਤੇ ਡਰੱਗ ਇਲਾਜ ਦੇ ਕੁਝ ਵਿਸ਼ੇਸ਼ ਨੇਮ ਲਾਗੂ ਹੁੰਦੇ ਹਨ।

ਜੇ ਤੁਹਾਨੂੰ ਮਾਨਸਿਕ ਵਿਗਾੜ ਲਈ ਦਵਾਈ ਜਾ ਡਰੱਗ ਦਿੱਤੀ ਜਾ ਰਹੀ ਹੈ ਅਤੇ ਇਹ ਇਸ ਤਰ੍ਹਾਂ ਦੇ ਇਲਾਜ ਨੂੰ ਜਦੋਂ ਤੁਸੀਂ ਹਸਪਤਾਲ ਵਿੱਚ ਸੀ, ਜਾਂ ਤੁਹਾਡਾ ਨਿਗਰਾਨੀ ਤਹਿਤ ਕਮਿਉਨਿਟੀ ਇਲਾਜ ਹੋ ਰਿਹਾ ਸੀ, ਸ਼ੁਰੂ ਕੀਤਿਆਂ ਤਿੰਨ ਮਹੀਨੇ ਹੋ ਚੁੱਕੇ ਹਨ ਤਾਂ ਤੁਹਾਨੂੰ ਇੱਕ ਖ਼ੁਦਮੁਖ਼ਤਾਰ ਡਾਕਟਰ ਨੂੰ (ਜੋ ਉਸ ਹਸਪਤਾਲ ਦਾ ਨਹੀਂ ਹੋਏਗਾ, ਜਿੱਥੇ ਤੁਹਾਡਾ ਇਲਾਜ ਹੋ ਰਿਹਾ ਹੈ) ਤੁਹਾਡਾ ਮੁਆਇਨਾ ਕਰਨ ਲਈ ਆਗਿਆ ਦੇਣ ਲਈ ਕਿਹਾ ਜਾਏਗਾ।

ਇਸ ਖ਼ੁਦਮੁਖ਼ਤਾਰ ਡਾਕਟਰ ਨੂੰ SOAD (ਦੂਜੀ ਰਾਇ ਲਈ ਨਿਯੁਕਤ ਡਾਕਟਰ) ਕਿਹਾ ਜਾਂਦਾ ਹੈ ਅਤੇ ਉਸਨੂੰ ਇੱਕ ਸੁਤੰਤਰ ਕਮਿਸ਼ਨ, ਜੋ ਇਸ ਗੱਲ ਦੀ ਨਿਗਰਾਨੀ ਕਰਦਾ ਹੈ ਕਿ ਮੈਂਟਲ ਹੈਲਥ ਐਕਟ (ਮਾਨਸਿਕ ਸਿਹਤ ਬਾਰੇ ਕਾਨੂੰਨ) ਦਾ ਇਸਤੇਮਾਲ ਕਿਸ ਤਰ੍ਹਾਂ ਕੀਤਾ ਗਿਆ ਹੈ, ਵਲੋਂ ਨਿਯੁਕਤ ਕੀਤਾ ਗਿਆ ਹੈ।

ਇਹ ਡਾਕਟਰ ਇਹ ਜਾਂਚ ਕਰੇਗਾ ਕਿ ਤੁਹਾਡਾ ਇਲਾਜ ਤੁਹਾਡੇ ਲਈ ਠੀਕ ਹੈ, ਅਤੇ ਇਹ ਫੈਸਲਾ ਕਰਨ ਤੋਂ ਪਹਿਲਾਂ ਕਿ ਤੁਹਾਨੂੰ ਕਿਹੜਾ ਇਲਾਜ ਜਾਰੀ ਰੱਖਣਾ ਚਾਹੀਦਾ ਹੈ ਤੁਹਾਡੇ ਨਾਲ ਗੱਲ ਕਰੇਗਾ।

ਜਦ ਤਕ ਕੋਈ ਐਮਰਜੈਂਸੀ ਨਾ ਹੋਵੇ ਤੁਹਾਨੂੰ ਸਿਰਫ ਉਹੀ ਦਵਾਈ ਜਾਂ ਉਸੇ ਡਰੱਗ ਦਾ ਇਲਾਜ ਦਿੱਤਾ ਜਾ ਸਕੇਗਾ, ਜਿਹੜਾ ਇਸ ਖ਼ੁਦਮੁਖ਼ਤਾਰ ਡਾਕਟਰ ਨੇ ਤੁਹਾਡੇ ਲਈ ਸਹੀ ਕਿਹਾ ਹੋਵੇਗਾ।

ਤੁਹਾਨੂੰ ਦੱਸਿਆ ਜਾਏਗਾ ਕਿ ਖ਼ੁਦਮੁਖ਼ਤਾਰ ਡਾਕਟਰ ਤੁਹਾਡਾ ਕਿੱਥੇ ਅਤੇ ਕਦੋਂ ਮੁਆਇਨਾ ਕਰਨਾ ਚਾਹੁੰਦਾ ਹੈ। ਖ਼ੁਦਮੁਖ਼ਤਾਰ ਡਾਕਟਰ ਨੂੰ ਮਿਲਣਾ, ਨਿਗਰਾਨੀ ਤਹਿਤ ਕਮਿਉਨਿਟੀ ਇਲਾਜ ਦੀਆਂ ਸ਼ਰਤਾਂ ਵਿੱਚੋਂ ਇੱਕ ਹੈ। ਜੇ ਤੁਸੀਂ ਖ਼ੁਦਮੁਖ਼ਤਾਰ ਡਾਕਟਰ ਨੂੰ ਉਸ ਸਮੇਂ ਜਾਂ ਉਹ ਜਗ੍ਹਾ ਤੇ ਨਹੀਂ ਮਿਲਦੇ ਜਿੱਥੇ ਤੁਹਾਨੂੰ ਕਿਹਾ ਗਿਆ ਸੀ, ਤਾਂ ਤੁਹਾਡਾ ਜ਼ਿੰਮੇਵਾਰ ਕਲਿੱਨੀਸ਼ੀਅਨ ਤੁਹਾਨੂੰ ਖ਼ੁਦਮੁਖ਼ਤਾਰ ਡਾਕਟਰ ਨੂੰ ਮਿਲਣ ਲਈ ਹਸਪਤਾਲ ਵਾਪਸ ਬੁਲਾ ਸਕਦਾ ਹੈ।

ਕੁਝ ਵਿਸ਼ੇਸ਼ ਇਲਾਜਾਂ, ਜਿਵੇਂ ਕਿ ਇਲੈਕਟ੍ਰੋ-ਕਨਵਲਸਿਵ (ਬਿਜਲੀ ਦੇ ਜ਼ੋਰਦਾਰ ਝਟਕੇ) (ECT) ਥੈਰੇਪੀ ਲਈ ਵੱਖਰੇ ਨੇਮ ਹਨ। ਜੇ ਤੁਹਾਡਾ ਇਲਾਜ ਕਰ ਰਹੇ ਲੋਕ ਇਹ ਸੋਚਦੇ ਹਨ, ਕਿ ਤੁਹਾਨੂੰ ਇਨ੍ਹਾਂ ਵਿਸ਼ੇਸ਼ ਇਲਾਜਾਂ ਵਿੱਚੋਂ ਇਕ ਦੀ ਜ਼ਰੂਰਤ ਹੈ, ਤਾਂ ਤੁਹਾਨੂੰ ਨੇਮ ਸਮਝਾ ਦਿੱਤੇ ਜਾਣਗੇ।

## ਮੇਰੇ ਲਈ ਨਿਗਰਾਨੀ ਤਹਿਤ ਕਮਿਉਨਿਟੀ ਇਲਾਜ ਕਿੰਨੀ ਦੇਰ ਜ਼ਰੂਰੀ ਹੋਏਗਾ ?

ਪਹਿਲਾਂ ਤੁਹਾਡਾ ਨਿਗਰਾਨੀ ਤਹਿਤ ਕਮਿਉਨਿਟੀ ਇਲਾਜ ਉਦੋਂ ਤਕ ਛੇ ਮਹੀਨੇ ਚਲੇਗਾ ਜਦੋਂ ਤਕ ਤੁਹਾਡਾ ਜ਼ਿੰਮੇਵਾਰ ਕਲਿੱਨੀਸ਼ੀਅਨ ਇਹ ਫੈਸਲਾ ਨਹੀਂ ਕਰਦਾ ਕਿ ਹੁਣ ਇਸਦੀ ਹੋਰ ਕੋਈ ਜ਼ਰੂਰਤ ਨਹੀਂ।

ਛੇ ਮਹੀਨੇ ਖ਼ਤਮ ਹੋਣ ਤੇ, ਤੁਹਾਨੂੰ ਜ਼ਿੰਮੇਵਾਰ ਕਲਿੱਨੀਸ਼ੀਅਨ ਨੂੰ ਆਪਣਾ ਮੁਆਇਨਾ ਕਰਨ ਦੀ ਆਗਿਆ ਦੇਣ ਲਈ ਕਿਹਾ ਜਾਏਗਾ, ਤਾਂ ਜੋ ਇਹ ਜਾਂਚ ਕਰ ਸਕੇ ਕਿ ਕੀ ਤੁਹਾਨੂੰ ਨਿਗਰਾਨੀ ਤਹਿਤ ਕਮਿਉਨਿਟੀ ਇਲਾਜ ਜਾਰੀ ਰੱਖਣਾ ਚਾਹੀਦਾ ਹੈ ਕਿ

ਨਹੀਂ। ਤੁਹਾਨੂੰ ਦੱਸਿਆ ਜਾਏਗਾ ਕਿ ਤੁਹਾਡਾ ਜ਼ਿੰਮੇਵਾਰ ਕਲਿੱਨੀਸ਼ੀਅਨ ਤੁਹਾਡਾ ਕਿੱਥੇ ਅਤੇ ਕਦੋਂ ਮੁਆਇਨਾ ਕਰਨਾ ਚਾਹੁੰਦਾ ਹੈ।

ਇਸ ਮੁਆਇਨੇ ਲਈ ਜ਼ਿੰਮੇਵਾਰ ਕਲਿਨੀਸ਼ਅਨ ਨੂੰ ਮਿਲਣਾ ਨਿਗਰਾਨੀ ਤਹਿਤ, ਕਮਿਉਨਿਟੀ ਇਲਾਜ ਦੀਆਂ ਸ਼ਰਤਾਂ ਵਿੱਚੋਂ ਇੱਕ ਸ਼ਰਤ ਹੈ। ਜੇ ਤੁਸੀਂ ਜ਼ਿੰਮੇਵਾਰ ਕਲਿਨੀਸ਼ੀਅਨ ਨੂੰ ਉਸ ਜਗਹ ਅਤੇ ਉਸ ਸਮੇਂ ਤੇ ਨਹੀਂ ਮਿਲਦੇ ਜਿੱਥੇ ਤੁਹਾਨੂੰ ਕਿਹਾ ਗਿਆ ਸੀ, ਤਾਂ ਤੁਹਾਡੇ ਜ਼ਿੰਮੇਵਾਰ ਕਲਿੱਨੀਸ਼ੀਅਨ ਨੂੰ ਤੁਹਾਡਾ ਮੁਆਇਨਾ ਕਰਨ ਲਈ ਤੁਹਾਨੂੰ ਹਸਪਤਾਲ ਵਾਪਸ ਬੁਲਾਉਣਾ ਪੈ ਸਕਦਾ ਹੈ।

ਜੇ ਤੁਹਾਡਾ ਜ਼ਿੰਮੇਵਾਰ ਕਲਿੱਨੀਸ਼ੀਅਨ ਸੋਚਦਾ ਹੈ ਕਿ ਤੁਹਾਨੂੰ ਨਿਗਰਾਨੀ ਤਹਿਤ ਕਮਿਉਨਿਟੀ ਇਲਾਜ ਲਈ ਹੋਰ ਵੱਧ ਸਮੇਂ ਤਕ ਰਹਿਣਾ ਚਾਹੀਦਾ ਹੈ, ਤਾਂ ਉਹ ਇਸ ਨੂੰ ਹੋਰ ਛੇ ਮਹੀਨਿਆਂ ਲਈ ਅਤੇ ਫਿਰ ਇੱਕ ਸਮੇਂ ਇੱਕ ਸਾਲ ਤਕ ਵੱਧ ਕਰ ਸਕਦੇ ਹਨ। ਤੁਹਾਡਾ ਜ਼ਿੰਮੇਵਾਰ ਕਲਿੱਨੀਸ਼ੀਅਨ ਹਰ ਮਿਆਦ ਦੇ ਅਖ਼ੀਰ ਵਿੱਚ ਤੁਹਾਡੇ ਨਾਲ ਇਸ ਬਾਰੇ ਗੱਲਬਾਤ ਕਰੇਗਾ।

## ਕੀ ਮੈਂ ਅਪੀਲ ਕਰ ਸਕਦਾ / ਸਕਦੀ ਹਾਂ ?

ਹਾਂ। ਤੁਸੀਂ ਆਪਣੇ ਜ਼ਿੰਮੇਵਾਰ ਹਸਪਤਾਲ ਦੇ ਹਸਪਤਾਲ ਮੈਨੇਜਰਸ ਨੂੰ ਆਪਣੇ ਨਿਗਰਾਨੀ ਤਹਿਤ ਕਮਿਉਨਿਟੀ ਇਲਾਜ ਨੂੰ ਖ਼ਤਮ ਕਰਨ ਲਈ ਕਹਿ ਸਕਦੇ ਹੋ। ਤੁਸੀਂ ਇਹ ਕਿਸੇ ਸਮੇਂ ਵੀ ਕਰ ਸਕਦੇ ਹੋ। ਹਸਪਤਾਲ ਮੈਨੇਜਰਸ ਹਸਪਤਾਲ ਅੰਦਰ ਲੋਕਾਂ ਦੀ ਕਾਇਮ ਕੀਤੀ ਇੱਕ ਵਿਸ਼ੇਸ਼ ਕਮੇਟੀ ਨੂੰ ਕਹਿੰਦੇ ਹਨ ਜੋ ਇਹ ਫੈਸਲਾ ਕਰਦੇ ਹਨ, ਕਿ ਕੀ ਲੋਕਾਂ ਨੂੰ ਅਜੇ ਵੀ ਨਿਗਰਾਨੀ ਤਹਿਤ ਕਮਿਉਨਿਟੀ ਇਲਾਜ ਦੀ ਜ਼ਰੂਰਤ ਹੈ ਕਿ ਨਹੀਂ।

ਤੁਹਾਡਾ ਜ਼ਿੰਮੇਵਾਰ ਹਸਪਤਾਲ ਆਮ ਤੌਰ ਤੇ ਉਹ ਹਸਪਤਾਲ ਹੁੰਦਾ ਹੈ ਜਿੱਥੇ ਤੁਸੀਂ ਨਿਗਰਾਨੀ ਤਹਿਤ ਕਮਿਉਨਿਟੀ ਇਲਾਜ ਸ਼ੁਰ ਕਰਨ ਤੋਂ ਪਹਿਲਾਂ ਸੀ। ਜੇ ਤੁਹਾਡਾ ਜ਼ਿੰਮੇਵਾਰ ਹਸਪਤਾਲ ਬਦਲਿਆ ਗਿਆ ਤਾਂ ਤੁਹਾਨੂੰ ਦੱਸਿਆ ਜਾਏਗਾ।

ਜੇ ਤੁਸੀਂ ਚਾਹੁੰਦੇ ਹੋ ਕਿ ਹਸਪਤਾਲ ਮੈਨੇਜਰਸ ਤੁਹਾਡਾ ਨਿਗਰਾਨੀ ਤਹਿਤ ਕਮਿਉਨਿਟੀ ਇਲਾਜ ਖ਼ਤਮ ਕਰ ਦੇਣ, ਤਾਂ ਤੁਸੀਂ ਉਨ੍ਹਾਂ ਨੂੰ ਹੇਠ ਲਿਖੇ ਪਤੇ ਤੇ ਲਿਖ ਸਕਦੇ ਹੋ :

ਹਸਪਤਾਲ ਮੈਨੇਜਰਸ ਇਹ ਫੈਸਲਾ ਕਰਨ ਤੋਂ ਪਹਿਲਾਂ ਕਿ ਕੀ ਤੁਹਾਡਾ ਨਿਗਰਾਨੀ ਤਹਿਤ ਕਮਿਉਨਿਟੀ ਇਲਾਜ ਖ਼ਤਮ ਕਰਨਾ ਚਾਹੀਦਾ ਹੈ ਕਿ ਨਹੀਂ ਤੁਹਾਡੇ ਨਾਲ ਗੱਲਬਾਤ ਕਰਨੀ ਚਾਹੁੰਣਗੇ।

ਤੁਹਾਡਾ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਵੀ ਹਸਪਤਾਲ ਮੈਨੇਜਰਸ ਨੂੰ ਕਹਿ ਸਕਦਾ ਹੈ, ਕਿ ਉਹ ਚਾਹੁੰਦੇ ਹਨ ਕਿ ਤੁਹਾਡਾ ਨਿਗਰਾਨੀ ਤਹਿਤ ਕਮਿਉਨਿਟੀ ਇਲਾਜ ਬੰਦ ਕੀਤਾ ਜਾਏ। ਇਸ ਲੀਫ਼ਲੈਟ ਵਿੱਚ ਇਹ ਵੀ ਸਮਝਾਇਆ ਗਿਆ ਹੈ ਕਿ ਤੁਹਾਡਾ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਕੌਣ ਹੈ।

ਜੇ ਤੁਹਾਡਾ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਇਹ ਕਾਰਵਾਈ ਕਰਦਾ ਹੈ ਤਾਂ ਜਦ ਤਕ ਤੁਹਾਡਾ ਜ਼ਿਮੇਵਾਰ ਕਲਿੱਨੀਸ਼ੀਅਨ ਹਸਪਤਾਲ ਮੈਨੇਜਰਸ ਨੂੰ ਇਹ ਨਹੀਂ ਕਹਿੰਦਾ ਕਿ ਜੇ ਤੁਸੀਂ ਨਿਗਰਾਨੀ ਤਹਿਤ ਕਮਿਉਨਿਟੀ ਇਲਾਜ ਜਾਰੀ ਨਹੀਂ ਰੱਖਦੇ ਤਾਂ

ਤੁਸੀਂ ਆਪਣੇ ਲਈ ਅਤੇ ਹੋਰ ਲੋਕਾਂ ਲਈ ਖ਼ਤਰਾ ਬਣ ਸਕਦੇ ਹੋ, ਉਦੋਂ ਤਕ ਤੁਹਾਡਾ ਨਿਗਰਾਨੀ ਤਹਿਤ ਕਮਿਉਨਿਟੀ ਇਲਾਜ 72 ਘੰਟਿਆਂ ਬਾਅਦ ਖ਼ਤਮ ਹੋ ਜਾਏਗਾ। ਜੇ ਅਜਿਹਾ ਹੁੰਦਾ ਹੈ ਤਾਂ ਇਸਤੋਂ ਹੋਰ ਛੇ ਮਹੀਨਿਆਂ ਬਾਅਦ ਹੀ ਤੁਹਾਡਾ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਹਸਪਤਾਲ ਮੈਨੇਜਰਸ ਨੂੰ ਮੁੜ ਇਹ ਕਹਿ ਸਕੇਗਾ ਕਿ ਉਹ ਚਾਹੁੰਦੇ ਹਨ, ਕਿ ਤਹਾਡਾ ਨਿਗਰਾਨੀ ਤਹਿਤ ਕਮਿਉਨਿਟੀ ਇਲਾਜ ਖ਼ਤਮ ਕੀਤਾ ਜਾਏ।

ਤੁਸੀਂ ਇੱਕ ਟ੍ਰਿਬਿਉਨਲ ਨੂੰ ਵੀ ਇਹ ਕਹਿਣ ਲਈ ਕਹਿ ਸਕਦੇ ਹੋ ਕਿ ਤੁਹਾਡਾ ਨਿਗਰਾਨੀ ਤਹਿਤ ਕਮਿਉਨਿਟੀ ਇਲਾਜ ਖ਼ਤਮ ਕੀਤਾ ਜਾਏ।

## ਇੱਕ ਟ੍ਰਿਬਿਉਨਲ ਕੀ ਹੈ ਅਤੇ ਇਸ ਵਿੱਚ ਕੀ ਹੁੰਦਾ ਹੈ ?

ਇੱਕ ਟ੍ਰਿਬਿਉਨਲ ਇੱਕ ਸੁਤੰਤਰ ਪੈਨਲ (ਵਿਸ਼ੇਸ਼ ਅਦਾਲਤ) ਹੈ, ਜੋ ਇਹ ਫੈਸਲਾ ਕਰ ਸਕਦੀ ਹੈ, ਕਿ ਕੀ ਤੁਹਾਡਾ ਨਿਗਰਾਨੀ ਤਹਿਤ ਕਮਿਉਨਿਟੀ ਇਲਾਜ ਖ਼ਤਮ ਕਰ ਦੇਣਾ ਚਾਹੀਦਾ ਹੈ ਕਿ ਨਹੀਂ। ਇਹ ਤੁਹਾਡੇ ਨਾਲ ਅਤੇ ਹਸਪਤਾਲ ਦੇ ਸਟਾਫ਼ ਜੋ ਤੁਹਾਨੂੰ ਜਾਣਦਾ ਹੈ ਨਾਲ ਇੱਕ ਮੀਟਿੰਗ ਕਰੇਗੀ। ਇਸ ਮੀਟਿੰਗ ਨੂੰ "ਸੁਣਵਾਈ" ਕਿਹਾ ਜਾਂਦਾ ਹੈ। ਜੇ ਤੁਸੀਂ ਚਾਹੁੰਦੇ ਹੋ ਤਾਂ ਕਿਸੇ ਹੋਰ ਨੂੰ ਵੀ ਸੁਣਵਾਈ ਦੌਰਾਨ ਆਪਣੀ ਸਹਾਇਤਾ ਲਈ ਆਉਣ ਲਈ ਕਹਿ ਸਕਦੇ ਹੋ। ਸੁਣਵਾਈ ਤੋਂ ਪਹਿਲਾਂ, ਟ੍ਰਿਬਿਉਨਲ ਦੇ ਮੈਂਬਰ ਤੁਹਾਡੇ ਬਾਰੇ ਅਤੇ ਤੁਹਾਡੀ ਦੇਖਭਾਲ ਬਾਰੇ ਹਸਪਤਾਲ ਦੀਆਂ ਰਿਪੋਰਟਾਂ ਪੜ੍ਹਨਗੇ। ਟ੍ਰਿਬਿਉਨਲ ਦਾ ਇੱਕ ਮੈਂਬਰ ਤੁਹਾਡੇ ਕੋਲ ਗੱਲਬਾਤ ਕਰਨ ਲਈ ਵੀ ਆਏਗਾ।

## ਮੈਂ ਟ੍ਰਿਬਿਉਨਲ ਕੋਲ ਕਦੋਂ ਅਰਜ਼ੀ ਦੇ ਸਕਦਾ / ਸਕਦੀ ਹਾਂ ?

ਜਦੋਂ ਤੁਹਾਡਾ ਨਿਗਰਾਨੀ ਤਹਿਤ ਕਮਿਉਨਿਟੀ ਇਲਾਜ ਹੋ ਰਿਹਾ ਹੋਵੇ ਤਾਂ ਤੁਸੀਂ ਪਹਿਲੇ ਛੇ ਮਹੀਨਿਆਂ ਵਿੱਚ ਕਿਸੇ ਸਮੇਂ ਵੀ ਟ੍ਰਿਬਿਉਨਲ ਨੂੰ ਅਰਜ਼ੀ ਦੇ ਸਕਦੇ ਹੋ। ਉਸਤੋਂ ਬਾਅਦ ਦੂਜੇ ਛੇ ਮਹੀਨਿਆਂ ਦੌਰਾਨ ਤੁਸੀਂ ਕਿਸੇ ਵੀ ਸਮੇਂ ਇੱਕ ਵਾਰ ਮੁੜ ਅਰਜ਼ੀ ਦੇ ਸਕਦੇ ਹੋ ਅਤੇ ਇਸਤੋਂ ਬਾਅਦ ਜਿੰਨੀ ਦੇਰ ਤੁਹਾਡਾ ਨਿਗਰਾਨੀ ਤਹਿਤ ਕਮਿਉਨਿਟੀ ਇਲਾਜ ਹੋ ਰਿਹਾ ਹੋਵੇ ਹਰ ਸਾਲ ਸਿਰਫ਼ ਇੱਕ ਵਾਰ ਅਰਜ਼ੀ ਦੇ ਸਕਦੇ ਹੋ।

ਜੇ ਤੁਹਾਡੇ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਨੇ ਹਸਪਤਾਲ ਮੈਨੇਜਰਸ ਨੂੰ ਇਹ ਦੱਸਿਆ ਹੈ ਕਿ ਉਹ ਚਾਹੁੰਦੇ ਹਨ ਕਿ ਤੁਹਾਡਾ ਹੋ ਰਿਹਾ ਨਿਗਰਾਨੀ ਤਹਿਤ ਕਮਿਉਨਿਟੀ ਇਲਾਜ ਖ਼ਤਮ ਕਰ ਦਿੱਤਾ ਜਾਏ, ਪਰ ਤੁਹਾਡੇ ਜ਼ਿੰਮੇਵਾਰ ਕਲਿੱਨੀਸ਼ੀਅਨ ਨੇ ਕਿਹਾ ਹੈ ਕਿ ਇਸਨੂੰ ਖ਼ਤਮ ਨਹੀਂ ਕਰਨਾ ਚਾਹੀਦਾ ਤਾਂ ਤੁਹਾਡਾ ਸਭ ਤੋਂ ਵੱਧ ਨਜ਼ਦੀਕੀ ਰਿਸ਼ਤੇਕਾਰ ਟ੍ਰਿਬਿਉਨਲ ਨੂੰ ਆਪ ਵੀ ਅਰਜ਼ੀ ਦੇ ਸਕਦਾ / ਸਕਦੀ ਹੈ। ਤੁਹਾਡੇ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਨੂੰ ਇਹ ਦੱਸੇ ਜਾਣ ਤੇ ਕਿ ਤੁਹਾਡੇ ਜ਼ਿੰਮੇਵਾਰ ਕਲਿਨੀਸ਼ੀਅਨ ਦੀ ਰਾਇ ਵਿੱਚ ਤੁਹਾਡਾ ਨਿਗਰਾਨੀ ਤਹਿਤ ਕਮਿਉਨਿਟੀ ਇਲਾਜ ਖ਼ਤਮ ਨਹੀਂ ਕੀਤਾ ਜਾਣਾ ਚਾਹੀਦਾ 28 ਘੰਟਿਆਂ ਦੇ ਅੰਦਰ ਇਹ ਕਾਰਵਾਈ ਕਰਨੀ ਚਾਹੀਦੀ ਹੈ।

ਜੇ ਤੁਸੀਂ ਟ੍ਰਿਬਿਉਨਲ ਨੂੰ ਅਰਜ਼ੀ ਦੇਣਾ ਚਾਹੁੰਦੇ ਹੋ ਤਾਂ ਤੁਸੀਂ ਹੇਠਾਂ ਦੱਸੇ ਤੇ ਲਿਖ ਸਕਦੇ ਹੋ :

The Tribunals Service
PO BOX 8793
5th Floor
Leicester
LE1 8BN ਟੈਲੀਫ਼ੋਨ : 0300 123 2201

ਤੁਸੀਂ ਇੱਕ ਵਕੀਲ ਨੂੰ ਤੁਹਾਡੇ ਲਈ ਟ੍ਰਿਬਿਉਨਲ ਨੂੰ ਲਿਖਣ ਲਈ ਅਤੇ ਸੁਣਵਾਈ ਦੌਰਾਨ ਤੁਹਾਡੀ ਸਹਾਇਤਾ ਕਰਨ ਲਈ ਕਹਿ ਸਕਦੇ ਹੋ। ਹਸਪਤਾਲ ਅਤੇ ਲਾਅ ਸੁਸਾਇਟੀ ਕੋਲ ਉਨ੍ਹਾ ਵਕੀਲਾਂ ਦੀ ਇੱਕ ਸੂਚੀ ਹੈ, ਜੋ ਇਸ ਬਾਰ ਵਿਸ਼ੇਸ਼ੱਗ ਹਨ।

ਤੁਹਾਨੂੰ ਇਸ ਕੰਮ ਲਈ ਵਕੀਲ ਤੋਂ ਸਹਾਇਤਾ ਲਈ ਕੋਈ ਰਕਮ ਅਦਾ ਨਹੀਂ ਕਰਨੀ ਪਏਗੀ। ਇਹ ਕਾਨੂੰਨੀ ਸਹਾਇਤਾ ਸਕੀਮ (Legal Aid scheme) ਤਹਿਤ ਮੁਫ਼ਤ ਹੈ।

## ਆਪਣੇ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਨੂੰ ਖ਼ਬਰ ਦੇਣੀ

ਇਸ ਲੀਫ਼ਲੈਟ ਦੀ ਇੱਕ ਕਾਪੀ ਉਸ ਵਿਅਕਤੀ ਨੂੰ ਦਿੱਤੀ ਜਾਏਗੀ, ਜਿਸ ਬਾਰੇ ਮੈਂਟਰ ਹੈਲਥ ਐਕਟ ਕਹਿੰਦਾ ਹੈ, ਕਿ ਉਹ ਤੁਹਾਡਾ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਹੈ।

ਮੈਂਟਲ ਹੈਲਥ ਐਕਟ (ਮਾਨਸਿਕ ਸਿਹਤ ਬਾਰੇ ਕਾਨੂੰਨ) ਵਿੱਚ ਉਨ੍ਹਾਂ ਲੋਕਾਂ ਦੀ ਸੂਚੀ ਹੈ, ਜਿਨ੍ਹਾਂ ਨੂੰ ਰਿਸ਼ਤੇਦਾਰ ਸਮਝਿਆ ਜਾਂਦਾ ਹੈ। ਆਮ ਤੌਰ ਤੇ ਸੂਚੀ ਵਿੱਚ ਸਭ ਤੋਂ ਉੱਪਰ ਉਹ ਵਿਅਕਤੀ ਹੁੰਦਾ ਹੈ, ਜੋ ਤੁਹਾਡਾ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਹੈ। ਹਸਪਤਾਲ ਸਟਾਫ਼ ਤੁਹਾਨੂੰ ਇੱਕ ਲੀਫ਼ਲੈਟ ਦੇਂਦਾ ਹੈ, ਜਿਸ ਵਿੱਚ ਇਸ ਅਤੇ ਇਹ ਕਿ ਤੁਹਾਡੀ ਦੇਖਭਾਲ ਅਤੇ ਇਲਾਜ ਦੇ ਸੰਬੰਧ ਵਿੱਚ ਤੁਹਾਡੇ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਦੇ ਕੀ ਅਧਿਕਾਰ ਹਨ, ਬਾਰੇ ਦੱਸਿਆ ਗਿਆ ਹੈ।

ਤੁਹਾਡੇ ਕੇਸ ਵਿੱਚ ਸਾਨੂੰ ਦੱਸਿਆ ਗਿਆ ਹੈ, ਕਿ ਤੁਹਾਡਾ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਹੈ :

| |
|---|
| |

ਜੇ ਤੁਸੀਂ ਨਹੀਂ ਚਾਹੁੰਦੇ ਕਿ ਇਸ ਵਿਅਕਤੀ ਨੂੰ ਇਸ ਲੀਫ਼ਲੈਟ ਦੀ ਇੱਕ ਕਾਪੀ ਮਿਲੇ ਤਾਂ ਕਿਰਪਾ ਕਰਕੇ ਆਪਣੇ ਜ਼ਿੰਮੇਵਾਰ ਕਲਿਨੀਸ਼ੀਅਨ, ਸਟਾਫ਼ ਦੇ ਕਿਸੇ ਹੋਰ ਮੈਂਬਰ ਜਾਂ ਜਿਸਨੇ ਤੁਹਾਨੂੰ ਇਹ ਲੀਫ਼ਲੈਟ ਦਿੱਤਾ ਸੀ, ਨੂੰ ਦੱਸੋ।

## ਆਪਣੇ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਨੂੰ ਬਦਲਣਾ

ਜੇ ਤੁਸੀਂ ਸੋਚਦੇ ਹੋ, ਕਿ ਇਹ ਵਿਅਕਤੀ ਤੁਹਾਡੇ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਵਜੋਂ ਉਚਿਤ ਨਹੀਂ ਤਾਂ ਤੁਸੀਂ ਕਾਉਂਟੀ ਕੋਰਟ ਕੋਲ ਉਸਦੇ ਬਜਾਏ ਕਿਸੇ ਹੋਰ ਵਿਅਕਤੀ ਨੂੰ ਸਭ ਤੋਂ ਵੱਧ ਨਜ਼ਦੀਕੀ ਰਿਸ਼ਤੇਦਾਰ ਮੰਨਣ ਲਈ ਅਰਜ਼ੀ ਦੇ ਸਕਦੇ ਹੋ। ਹਸਪਤਾਲ ਦਾ ਸਟਾਫ਼ ਤੁਹਾਨੂੰ ਇੱਕ ਲੀਫ਼ਲੈਟ ਦੇ ਸਕਦਾ ਹੈ, ਜਿਸ ਵਿੱਚ ਇਹ ਗੱਲ ਖੋਲ੍ਹ ਕੇ ਦੱਸੀ ਗਈ ਹੈ।

## ਪ੍ਰੈਕਟਸ ਦਾ ਜ਼ਾਬਤਾ

ਪ੍ਰੈਕਟਸ (ਅਮਲ) ਦਾ ਇੱਕ ਜ਼ਾਬਤਾ ਹੈ ਜਿਸ ਬਾਰੇ ਤੁਹਾਡੇ ਜ਼ਿੰਮੇਵਾਰ ਕਲਿਨੀਸ਼ੀਅਨ ਅਤੇ ਤੁਹਾਡੀ ਦੇਖਭਾਲ ਅਤੇ ਇਲਾਜ ਵਿੱਚ ਸ਼ਾਮਿਲ ਹੋਰ ਲੋਕਾਂ ਨੂੰ ਮੈਂਟਲ ਹੈਲਥ ਐਕਟ (ਮਾਨਸਿਕ ਸਿਹਤ ਬਾਰੇ ਕਾਨੂੰਨ) ਦੀ ਜਾਣਕਾਰੀ ਦਿੱਤੀ ਜਾਂਦੀ ਹੈ। ਜਦੋਂ ਉਹ ਤੁਹਾਡੀ ਦੇਖਭਾਲ ਬਾਰੇ ਫੈਸਲੇ ਲੈਂਦੇ ਹਨ ਤਾਂ ਉਨ੍ਹਾਂ ਨੂੰ ਇਹ ਵੇਖਣਾ ਪੈਂਦਾ ਹੈ ਕਿ ਜ਼ਾਬਤਾ ਇਸ ਬਾਰੇ ਕੀ ਕਹਿੰਦਾ ਹੈ। ਜੇ ਤੁਸੀਂ ਚਾਹੋ ਤਾਂ ਤੁਸੀਂ ਇਸ ਦੀ ਇੱਕ ਕਾਪੀ ਵੇਖ ਸਕਦੇ ਹੋ।

## ਮੈਂ ਸ਼ਿਕਾਇਤ ਕਿਸ ਤਰ੍ਹਾਂ ਕਰਾਂ ?

ਜੇ ਤੁਸੀਂ ਨਿਗਰਾਨੀ ਤਹਿਤ ਕਮਿਉਨਿਟੀ ਇਲਾਜ ਵਿੱਚ ਹੋ ਰਹੀ ਆਪਣੀ ਦੇਖਭਾਲ ਅਤੇ ਇਲਾਜ ਸੰਬੰਧੀ ਕਿਸੇ ਗੱਲ ਬਾਰੇ ਸ਼ਿਕਾਇਤ ਕਰਨੀ ਚਾਹੁੰਦੇ ਹੋ ਤਾਂ ਸਟਾਫ਼ ਦੇ ਕਿਸੇ ਮੈਂਬਰ ਨਾਲ ਗੱਲ ਕਰੋ। ਹੋ ਸਕਦਾ ਹੈ, ਕਿ ਉਹ ਮਾਮਲੇ ਨੂੰ ਸੁਲਝਾ ਲੈਣ। ਉਹ ਤੁਹਾਨੂੰ ਤੁਹਾਡੇ ਜ਼ਿੰਮੇਵਾਰ ਹਸਪਤਾਲ ਦੇ ਸ਼ਿਕਾਇਤ ਕਰਨ ਦੇ ਅਮਲ ਬਾਰੇ ਵੀ ਜਾਣਕਾਰੀ ਦੇ ਸਕਦੇ ਹਨ ਜਿਸਨੂੰ ਤੁਸੀਂ

ਆਪਣੀ ਸ਼ਿਕਾਇਤ ਨੂੰ ਸੁਲਝਾਣ ਲਈ, ਜਿਸਨੂੰ ਸਥਾਨਕ ਮਤਾ ਕਹਿੰਦੇ ਹਨ, ਰਾਹੀਂ ਇਸਤੇਮਾਲ ਕਰਨ ਦੀ ਕੋਸ਼ਿਸ਼ ਕਰ ਸਕਦੇ ਹੋ। ਉਹ ਤੁਹਾਨੂੰ ਉਨ੍ਹਾਂ ਹੋਰ ਲੋਕਾਂ ਬਾਰੇ ਵੀ ਦੱਸ ਸਕਦੇ ਹਨ, ਜੋ ਤੁਹਾਨੂੰ ਸ਼ਿਕਾਇਤ ਕਰਨ ਵਿੱਚ ਸਹਾਇਤਾ ਕਰ ਸਕਦੇ ਹਨ।

ਤੁਸੀਂ ਇੱਕ ਸੁਤੰਤਰ ਕਮਿਸ਼ਨ ਕੋਲ ਵੀ ਸ਼ਿਕਾਇਤ ਕਰ ਸਕਦੇ ਹੋ। ਕਮਿਸ਼ਨ ਇਹ ਯਕੀਨੀ ਬਣਾਉਣ ਲਈ ਕਿ 1983 ਦਾ ਮੈਂਟਲ ਹੈਲਥ ਐਕਟ (ਮਾਨਸਿਕ ਸਿਹਤ ਬਾਰੇ ਕਾਨੂੰਨ) ਦਾ ਇਸਤੇਮਾਲ ਠੀਕ ਤਰ੍ਹਾਂ ਹੋਵੇ, ਅਤੇ ਮਰੀਜ਼ ਜਿੰਨੀ ਦੇਰ ਹਸਪਤਾਲ ਵਿੱਚ ਹੋਣ, ਉਨ੍ਹਾਂ ਦੀ ਦੇਖਭਾਲ ਸਹੀ ਢੰਗ ਨਾਲ ਹੋਵੇ, ਇਹ ਨਿਗਰਾਨੀ ਕਰਦਾ ਹੈ ਕਿ ਇਸ ਕਾਨੂੰਨ ਦਾ ਇਸਤੇਮਾਲ ਕਿਸ ਤਰ੍ਹਾਂ ਕੀਤਾ ਜਾਂਦਾ ਹੈ। ਹਸਪਤਾਲ ਦਾ ਸਟਾਫ਼ ਤੁਹਾਨੂੰ ਇੱਕ ਲੀਫ਼ਲੈਟ ਦੇ ਸਕਦੇ ਹਨ, ਜਿਸ ਵਿੱਚ ਦੱਸਿਆ ਗਿਆ ਹੈ, ਕਿ ਕਮਿਸ਼ਨ ਨਾਲ ਸੰਪਰਕ ਕਿਵੇਂ ਕਰਨਾ ਹੈ।

## ਹੋਰ ਵੱਧ ਸਹਾਇਤਾ ਲਈ ਜਾਣਕਾਰੀ

ਜੇ ਤੁਹਾਡੀ ਦੇਖਭਾਲ ਅਤੇ ਇਲਾਜ ਬਾਰੇ ਕੋਈ ਅਜਿਹੀ ਗੱਲ ਹੈ, ਜੋ ਤੁਹਾਨੂੰ ਸਮਝ ਨਹੀਂ ਆ ਰਹੀ ਤਾਂ ਤੁਹਾਡਾ ਜ਼ਿੰਮੇਵਾਰ ਕਲਿੱਨੀਸ਼ੀਅਨ ਜਾਂ ਸਟਾਫ਼ ਦਾ ਇੱਕ ਮੈਂਬਰ ਤੁਹਾਡੀ ਸਹਾਇਤਾ ਕਰਨ ਦੀ ਕੋਸ਼ਿਸ਼ ਕਰੇਗਾ। ਜੇ ਇਸ ਲੀਫ਼ਲੈਟ ਵਿੱਚ ਕੁਝ ਅਜਿਹਾ ਹੋਵੇ, ਜੋ ਤੁਹਾਡੀ ਸਮਝ ਵਿੱਚ ਨਹੀਂ ਆ ਰਿਹਾ ਜਾਂ ਤੁਹਾਡੇ ਕੋਈ ਹੋਰ ਸਵਾਲ ਹਨ, ਜਿਨ੍ਹਾਂ ਦੇ ਜਵਾਬ ਇਸ ਲੀਫ਼ਲੈਟ ਵਿੱਚ ਨਹੀਂ ਦਿੱਤੇ ਗਏ, ਤਾਂ ਕਿਰਪਾ ਕਰਕੇ ਸਟਾਫ਼ ਦੇ ਇੱਕ ਮੈਂਬਰ ਨੂੰ ਸਮਝਾਉਣ ਲਈ ਕਹੋ।

ਜੇ ਤੁਹਾਨੂੰ ਲੀਫ਼ਲੈਟ ਦੀ ਇੱਕ ਹੋਰ ਕਾਪੀ ਕਿਸੇ ਹੋਰ ਲਈ ਚਾਹੀਦੀ ਹੋਵੇ, ਤਾਂ ਕਿਰਪਾ ਕਰਕੇ ਕੇ ਉਸ ਲਈ ਕਹੋ।